**ਮਿਤੀ 27.8.2014 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 14ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 14ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 27.8.2014 ਨੂੰ ਸਮਾਂ 12:30 ਵਜੇ (ਬ.ਦ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆ" ਆਖਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **<u>ਬੋਰਡ ਦੀ 13ਵੀਂ ਮੀਟਿੰਗ ਮਿਤੀ 28.5.2014 ਦੀ ਕਾਰਵਾਈ ਦੀ ਪੁਸ਼ਟੀ।</u>**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 28.5.2014 ਨੂੰ ਹੋਈ 13ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2014-15/2568-2580 ਮਿਤੀ 09.06.2014 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ 13ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **<u>ਬੋਰਡ ਦੀ 13ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।</u>**

ਮੈਂਬਰ ਸਕੱਤਰ ਵਲੋਂ ਬੋਰਡ ਦੀ 13ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਦਰਸਾਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 4** **<u>ਮੋਹਾਲੀ ਵਿਖੇ ਫੇਸ-10 ਵਿੱਚ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਕਰਜਾ ਦੇਣ ਬਾਰੇ।</u>**

ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਮੁਹਾਲੀ ਵਿਖੇ ਸਥਿਤ ਪਲਾਟ ਉਤੇ ਕਿਰਤ ਭਵਨ ਦੀ ਉਸਾਰੀ ਜਾਣ ਵਾਲੀ ਬਿਲਡਿੰਗ ਸਬੰਧੀ engage ਕੀਤੇ ਆਰਕੀਟੈਕਟ ਮੈਸ:ਪੈਰੀ ਐਂਡ ਐਸੋਸੀਏਟਸ ਮੁਹਾਲੀ, ਦੇ ਪ੍ਰਮੁੱਖ ਆਰਕੀਟੈਕਟ ਸ੍ਰੀ ਪੀ.ਐਸ ਚਾਵਲਾ ਅਤੇ ਉਨ੍ਹਾਂ ਦੀ ਟੀਮ ਵਲੋਂ ਮੀਟਿੰਗ ਵਿੱਚ ਬਿਲਡਿੰਗ ਦੇ ਤਿਆਰ ਕੀਤੇ ਨਕਸ਼ੇ ਦੀ presentation ਦਿਤੀ ਗਈ। ਮੌਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਅਤੇ ਸ੍ਰੀ ਮਨਮੋਹਨ ਸਿੰਘ, ਪ੍ਰਤੀਨਿਧ ਸਥਾਨਕ ਸਰਕਾਰ ਵਲੋਂ ਬਿਲਡਿੰਗ ਦੇ ਨਕਸ਼ੇ ਵਿੱਚ ਕੁਝ ਤਰੁਟੀਆਂ ਪੁਆਇੰਟ-ਆਉਟ ਕੀਤੀਆਂ ਗਈਆਂ ਅਤੇ ਸ੍ਰੀ ਪੀ.ਐਸ ਚਾਵਲਾ ਨੂੰ ਲੋੜੀਂਦੀਆਂ ਸੋਧਾਂ ਕਰਨ ਉਪਰੰਤ ਨਕਸ਼ਾ ਤਿਆਰ ਕਰਕੇ ਲੇਬਰ ਵੈਲਫੇਅਰ ਬੋਰਡ ਨੂੰ ਦੇਣ ਲਈ ਕਿਹਾ ਗਿਆ। ਸ੍ਰੀ ਚਾਵਲਾ ਵਲੋਂ ਇਸ ਸਬੰਧੀ ਨਕਸ਼ੇ ਵਿੱਚ ਲੋੜੀਂਦੀ ਸੋਧਾਂ ਜਲਦੀ ਕਰਕੇ ਭੇਜਣ ਦਾ ਵਿਸ਼ਵਾਸ ਦੁਆਇਆ ਗਿਆ ਹੈ। ਬੋਰਡ ਵਲੋਂ ਇਸ ਸਬੰਧੀ ਸਹਿਮਤੀ ਪ੍ਰਗਟ ਕਰਦੇ ਹੋਏ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਫੋਲੋ-ਅਪ ਲਈ ਸੂਚਿਤ ਕਰਨ ਬਾਰੇ ਕਿਹਾ ਗਿਆ।

12ਵੀਂ ਮੀਟਿੰਗ
ਅਜੰਡਾ ਆਈਟਮ
ਨੰ:8

**ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਮੈਂਬਰ ਸਕੱਤਰ ਵਲੋਂ ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਮੈਸ: ਹੀਰੋ ਸਾਈਕਲ ਲੁਧਿਆਣਾ ਵਲੋਂ ਬੋਰਡ ਨੂੰ ਬਲਕ ਸਪਲਾਈ ਲਈ gents cycle (20", 22" ਅਤੇ 24") ਲਈ ਰੁਪਏ 2950/- ਅਤੇ lady cycle (20", 22") ਲਈ 2975/- ਦੇ ਜੋ ਰੇਟ ਦਿਤੇ ਗਏ ਹਨ, ਉਹ ਕਾਫੀ ਜਿਆਦਾ ਹਨ, ਕਿਉਂਕਿ ਇਸ ਸਬੰਧੀ ਮੈਸ: ਐਟਲਸ ਸਾਈਕਲ ਸੋਨੀਪਤ ਵਲੋਂ ਹਰਿਯਾਣਾ ਸਰਕਾਰ ਨਾਲ ਕੀਤੇ ਰੇਟ ਕੰਟ੍ਰੈਕਟ ਦੇ ਅਧਾਰ ਤੇ Gents/Lady cycle (20", 22") ਦੇ ਰੇਟ ਰੁਪਏ 2500/- ਅਤੇ 2700/- ਪ੍ਰਤੀ ਸਾਈਕਲ ਦੱਸੇ ਗਏ ਹਨ ਜੋਕਿ ਮੈਸ: ਹੀਰੋ ਸਾਈਕਲ ਦੇ ਰੇਟਾਂ ਨਾਲੋਂ ਘੱਟ ਹਨ। ਮੈਂਬਰ ਸਕੱਤਰ ਵਲੋਂ ਅਗੇ ਦੱਸਿਆ ਗਿਆ ਕਿ ਦੋਹਾਂ ਕੰਪਨੀਆਂ ਵਲੋਂ ਦਿਤੇ ਰੇਟਾਂ ਅਤੇ ਹੋਰ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨਾਲ ਰੇਟਾਂ ਬਾਰੇ ਨੈਗੋਸ਼ੀਏਸ਼ਨ ਕਰਕੇ ਬਲਕ ਸਪਲਾਈ ਦੇ ਰੇਟ ਤਹਿ ਕਰਨ ਦੀ ਲੋੜ ਹੈ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਕੰਪਨੀਆਂ ਨਾਲ ਨੈਗੋਸ਼ਿਏਸ਼ਨ ਕਰਨ ਵੇਲੇ ਵਧੀਆ ਕੁਆਲਿਟੀ/ ਸਪੈਸੀਫੀਕੇਸ਼ਨਜ ਦਾ ਧਿਆਨ ਰੱਖਣਾ ਵੀ ਜਰੂਰੀ ਹੈ ਅਤੇ ਬੋਰਡ ਦੀ ਪਹਿਚਾਣ ਵਜੋਂ ਸਾਈਕਲ ਉਤੇ ਲੋਗੋ ਜਾਂ ਹੋਰ ਮਾਰਕਾਂ ਵੀ ਲਗਵਾਇਆ ਜਾਵੇ। ਬੋਰਡ ਵਲੋਂ ਇਸ ਮੰਤਵ ਲਈ ਦੋਨੋ ਕੰਪਨੀਆਂ ਨਾਲ ਨੈਗੋਸ਼ੀਏਸ਼ਨ ਕਰਨ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕਰਦੇ ਹੋਏ ਕਿਹਾ ਗਿਆ ਕਿ ਜਿਹੜੀ ਕੰਪਨੀ ਦੇ ਰੇਟ ਘੱਟ ਹੋਣ ਅਤੇ ਵਧੀਆ ਕੁਆਲਿਟੀ ਹੋਵੇ, ਉਸ ਪਾਸੋਂ ਸਾਈਕਲਾਂ ਦੀ ਖ੍ਰੀਦ ਕਰ ਲਈ ਜਾਵੇ।

13ਵੀਂ ਮੀਟਿੰਗ ਦੀ
ਜਨਰਲ ਆਈਟਮ
ਨੰ: 6

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ 13ਵੀਂ ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਦੇ ਆਦੇਸ਼ ਅਨੁਸਾਰ ਬੋਰਡ ਦੇ ਕੰਮ-ਕਾਜ ਸਬੰਧੀ ਮੈਸ: ਵੀ-ਐਕਸਲ ਕੰਪਨੀ ਵਲੋਂ ਤਿਆਰ ਕੀਤੀ ਵੈਬ-ਸਾਈਟ ਮਾਨਯੋਗ ਕਿਰਤ ਮੰਤਰੀ ਜੀ ਨੂੰ ਵਿਖਾ ਦਿਤੀ ਗਈ ਸੀ। ਕੰਪਨੀ ਦੀ ਟੀਮ ਵਲੋਂ ਤਿਆਰ ਕੀਤੀ ਵੈਬ-ਸਾਈਟ ਦੀ presentation ਮੀਟਿੰਗ ਵਿੱਚ ਵੀ ਮੈਂਬਰ ਸਾਹਿਬਾਨ ਨੂੰ ਵਿਖਾਈ ਗਈ। ਇਸ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਵੈਬ-ਸਾਈਟ ਵਿੱਚ ਲੋਕਲ ਲੇਬਰ ਦੀ ਸਹੂਲਤ ਵਾਸਤੇ ਐਪਲੀਕੇਸ਼ਨਾਂ ਦੇ ਫਾਰਮ ਪੰਜਾਬੀ ਵਿੱਚ ਵੀ ਪਾਉਣ ਲਈ ਕਿਹਾ ਗਿਆ। ਮੌਕੇ ਤੇ ਮੈਸ: ਵੀ ਐਕਸਲ ਕੰਪਨੀ ਦੀ ਟੀਮ ਵਲੋਂ ਦੱਸਿਆ ਗਿਆ ਕਿ ਐਪਲੀਕੇਸ਼ਨਾਂ ਦੇ ਫਾਰਮ ਪਹਿਲਾਂ ਹੀ ਅੰਗ੍ਰੇਜੀ ਅਤੇ ਪੰਜਾਬੀ ਭਾਸ਼ਾ ਵਿੱਚ ਪਾਏ ਹੋਏ ਹਨ, ਜਿਸ ਬਾਰੇ ਬੋਰਡ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:3

**ਮਿਤੀ 1.4.2014 ਤੋਂ 30.6.2014 ਦੌਰਾਨ ਬੋਰਡ ਦੀ ਆਮਦਨ ਅਤੇ ਖਰਚੇ ਦੀ ਸਥਿਤੀ**

ਇਸ ਅਜੰਡਾ ਆਈਟਮ ਤੇ ਵਿਚਾਰ-ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵਲੋਂ ਬੋਰਡ ਦੀ ਮਿਤੀ 1.4.2014 ਤੋਂ 25.8.2014 ਤੱਕ ਆਮਦਨ ਅਤੇ ਖਰਚੇ ਦੇ ਵੇਰਵੇ, ਜਿਨ੍ਹਾਂ ਵਿੱਚ ਸੈਸ ਦੀ ਪ੍ਰਾਪਤੀ, ਰਜਿਸਟ੍ਰੇਸ਼ਨ ਫੀਸ/ ਅੰਸ਼ਦਾਨ ਦੀ ਪ੍ਰਾਪਤੀ, ਰਜਿਸਟਰਡ ਕੰਪਨੀਆਂ ਦੀ ਗਿਣਤੀ, ਭਲਾਈ ਸਕੀਮਾਂ ਅਧੀਨ ਵੰਡੀਆਂ ਰਕਮਾਂ, ਪ੍ਰਬੰਧਕੀ ਖਰਚਿਆਂ ਅਤੇ ਵਿਤੀ ਸਥਿਤੀ ਦੇ ਅੰਕੜੇ ਦਿਤੇ ਗਏ ਹਨ, ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤੇ ਗਏ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਮਿਤੀ 1.4.2014 ਤੋਂ 26.8.2014 ਤੱਕ ਲਾਭਪਾਤਰੀਆਂ ਨੂੰ ਵੱਖ-ਵੱਖ ਭਲਾਈ ਸਕੀਮਾਂ ਅਧੀਨ 8.01 ਕਰੋੜ ਦੀ ਰਕਮ ਮੰਜੂਰ ਕੀਤੀ ਗਈ ਹੈ, ਜਦਕਿ ਪ੍ਰਬੰਧਕੀ ਖਰਚੇ 80.00 ਲੱਖ ਰੁਪਏ ਤੱਕ ਪਹੁੰਚ ਚੁਕੇ ਹਨ ਅਤੇ ਇਸ ਤਰਾਂ ਪ੍ਰਬੰਧਕੀ ਖਰਚਾ ਕੁੱਲ ਖਰਚਿਆਂ ਦਾ 10% ਹੋ ਚੁਕਾ ਹੈ ਜੋਕਿ ਐਕਟ ਦੀ ਧਾਰਾ 24(3) ਵਿੱਚ ਨਿਰਧਾਰਤ 5% ਦੀ ਸੀਮਾ ਤੋਂ ਵੱਧ ਹੈ। ਇਸ ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਭਾਰਤ ਸਰਕਾਰ ਵਲੋਂ ਦਿਤੇ ਦਿਸ਼ਾ-ਨਿਰਦੇਸ਼ ਅਨੁਸਾਰ ਸਾਲ ਦੇ ਅੰਤ ਵਿੱਚ ਸੈਸ ਫੰਡ ਵਿੱਚ ਬਕਾਇਆ ਰਾਸ਼ੀ ਦੀ 20% ਰਾਸ਼ੀ ਸਕਿਲ ਡਿਵੈਲਪਮੈਂਟ ਸਕੀਮ ਵਿੱਚ ਖਰਚ ਕਰਨੀ ਬਣਦੀ ਹੈ ਅਤੇ ਇਸ ਤਰਾਂ ਜੇਕਰ ਬੋਰਡ ਵਲੋਂ ਕਿਰਤੀਆਂ ਦੀ ਰਜਿਸਟ੍ਰੇਸ਼ਨ ਵਿੱਚ ਵਾਧਾ ਕਰਕੇ ਸਕਿਲ ਡਿਵੈਲਪਮੈਂਟ ਸਕੀਮ ਅਤੇ ਹੋਰ ਭਲਾਈ ਸਕੀਮਾਂ ਅਧੀਨ ਵਧੇਰੇ ਖਰਚਾ ਕੀਤਾ ਜਾਂਦਾ ਹੈ ਤਾਂ ਪ੍ਰਬੰਧਕੀ

ਖਰਚੇ ਅਪਣੇ ਆਪ ਹੀ ਨਿਰਧਾਰਤ ਸੀਮਾ ਤੱਕ ਆ ਜਾਣਗੇ। ਬੋਰਡ ਵਲੋਂ ਪ੍ਰਮੁੱਖ ਸਕੱਤਰ ਕਿਰਤ ਜੀ ਦੇ ਸੁਝਾਅ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਿਰਤੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਕੇ, ਉਨ੍ਹਾਂ ਨੂੰ ਭਲਾਈ ਸਕੀਮਾਂ ਅਧੀਨ ਵਧੇਰੇ ਲਾਭ ਮੁਹੱਈਆ ਕਰਵਾਉਣ ਲਈ ਕਿਹਾ ਗਿਆ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:4

**ਬੋਰਡ ਦੇ ਸਾਲ 2013-14 ਦੇ ਤਿਆਰ ਕੀਤੇ ਲੇਖੇ (ਬੈਲੇਂਸ ਸ਼ੀਟ) ਦੀ ਪ੍ਰਵਾਨਗੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸਾਲ 2013-14 ਦੇ ਤਿਆਰ ਕੀਤੇ ਸਾਲਾਨਾ ਲੇਖੇ (Balance Sheet) ਅਜੰਡੇ ਅਨੁਸਾਰ ਪ੍ਰਵਾਨ ਕੀਤੇ ਗਏ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:5

**ਉਸਾਰੀ ਕੰਮਾਂ ਵਿਚ ਲੱਗੀਆਂ ਪੰਜੀਕ੍ਰਿਤ ਇਸਤਰੀ ਲਾਭਪਾਤਰੀਆਂ ਲਈ 'ਪ੍ਰਸੂਤਾ ਲਾਭ ਸਕੀਮ' ਦੀ ਪ੍ਰਵਾਨਗੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ-ਵਟਾਂਦਰੇ ਦੌਰਾਨ ਸਲਾਹਕਾਰ ਬੋਰਡ ਵਲੋਂ ਦੱਸਿਆ ਗਿਆ ਕਿ ਕੇਂਦਰ ਸਰਕਾਰ ਵਲੋਂ ਕੀਤੀ ਸਿਫਾਰਸ਼ ਅਤੇ ਐਕਟ ਦੀ ਧਾਰਾ 22(1)(g) ਅਨੁਸਾਰ ਭਾਵੇਂ ਇਸਤਰੀ ਲਾਭਪਾਤਰੀਆਂ ਨੂੰ ਪ੍ਰਸੂਤਾ ਲਾਭ ਦੇਣ ਦਾ ਉਪਬੰਧ ਹੈ, ਲੇਕਿਨ ਇਹ ਵੇਖਣ ਵਿੱਚ ਆਇਆ ਹੈ ਕਿ ਉਸਾਰੀ ਕੰਮਾਂ ਵਿੱਚ ਇਸਤਰੀ ਲਾਭਪਾਤਰੀਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ ਜਦਕਿ ਪੁਰਸ਼ ਲਾਭਪਾਤਰੀਆਂ ਦੀ ਗਿਣਤੀ ਜਿਆਦਾ ਹੁੰਦੀ ਹੈ। ਕਿਉਂਕਿ ਪੁਰਸ਼ ਲਾਭਪਾਤਰੀ ਦੀ ਪਤਨੀ ਦੀ ਪ੍ਰਸੂਤਾ ਅਵਸਥਾ ਵਿੱਚ ਬਿਮਾਰੀ ਅਤੇ ਪੋਸ਼ਟਿਕ ਖੁਰਾਕ ਨਾ ਮਿਲਣ ਕਰਕੇ ਉਨ੍ਹਾਂ ਨੂੰ ਅਕਸਰ ਜੋਖਿਮ ਭੋਗਣਾ ਪੈਂਦਾ ਹੈ, ਇਸ ਲਈ ਇਸਤਰੀ ਲਾਭਪਾਤਰੀ ਦੇ ਨਾਲ-ਨਾਲ, ਪੁਰਸ਼ ਲਾਭਪਾਤਰੀ ਦੀ ਪਤਨੀ ਦੇ ਬੱਚੇ ਦੇ ਜਨਮ ਵੇਲੇ ਵੀ ਇਸ ਸਕੀਮ ਅਧੀਨ ਵਿਤੀ ਲਾਭ ਦੇਣਾ ਯੋਗ ਹੋਵੇਗਾ। ਇਸ ਮੁੱਦੇ ਤੇ ਵਿਚਾਰ-ਵਟਾਂਦਰੇ ਉਪਰੰਤ ਬੋਰਡ ਵਲੋਂ ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਤਰੀ (ਇਸਤਰੀ ਜਾਂ ਪੁਰਸ਼) ਕਿਰਤੀਆਂ ਲਈ ਪ੍ਰਸੂਤਾ ਲਾਭ ਸਕੀਮ **ਅਨੁਲੱਗ 'ਅ'** ਅਨੁਸਾਰ ਪ੍ਰਵਾਨ ਕੀਤੀ ਗਈ ਜੋ ਕਿ ਬੋਰਡ ਦੇ ਫੈਸਲੇ ਦੀ ਮਿਤੀ 27.8.2014 ਤੋਂ ਲਾਗੂ ਹੋਵੇਗੀ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:6

**ਬੋਰਡ ਵਿੱਚ ਪਬਲਿਕ ਰਿਲੇਸ਼ਨ ਅਫਸਰ (Public Relation Officer) ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਕਾਰਜ-ਬਾਦ ਪ੍ਰਵਾਨਗੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ 'ਪਬਲਿਕ ਰਿਲੇਸ਼ਨ ਅਫਸਰ' ਦੀ ਅਸਾਮੀ ਤੇ ਨਿਯੁਕਤ ਕਰਮਚਾਰੀ ਨੂੰ ਮਿਤੀ 24.6.2014 ਤੋਂ 25000/- ਰੁਪਏ ਪ੍ਰਤਿ ਮਹੀਨਾ ਤਨਖਾਹ ਦੇਣ ਸਬੰਧੀ ਕਾਰਜ-ਬਾਦ ਪ੍ਰਵਾਨਗੀ ਦਿਤੀ ਗਈ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:7

**ਬੋਰਡ ਵਲੋਂ ਕੰਪਿਊਟਰੀਕਰਨ ਕਰਨ ਦੌਰਾਨ ਪੇਮੈਂਟ ਗੇਟਵੇ ਲੈਣ ਲਈ ਮੈਸ: ਬਿਲ ਡੈਸਕ ਨਾਲ ਐਮ.ਓ.ਯੂ ਹਸਤਾਖਰ ਕਰਨ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕਰਨ ਲਈ ਕਾਰਜਬਾਦ ਪ੍ਰਵਾਨਗੀ ਦੇਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਕੱਤਰ ਬੋਰਡ ਦੁਆਰਾ ਐਮ.ਓ.ਯੂ ਤੇ ਕੀਤੇ ਹਸਤਾਖਰਾਂ ਸਬੰਧੀ ਕਾਰਜ-ਬਾਦ ਪ੍ਰਵਾਨਗੀ ਦਿਤੀ ਗਈ।

14ਵੀਂ ਮੀਟਿੰਗ
ਅਜੰਡਾ ਆਈਟਮ
ਨੰ:8

**ਬੋਰਡ ਵਲੋਂ ਪੰਜੀਕ੍ਰਿਤ ਲਾਭਪਾਤਰੀਆਂ ਲਈ ਬਣਾਈ ਐਲ.ਟੀ.ਸੀ ਸਕੀਮ ਵਿਚ ਸੋਧ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਪੰਜੀਕ੍ਰਿਤ ਲਾਭਪਾਤਰੀਆਂ ਨੂੰ ਐਲ.ਟੀ.ਸੀ ਸਕੀਮ ਅਧੀਨ 4 ਸਾਲ ਦੀ ਬਜਾਏ, 2 ਸਾਲ ਬਾਦ 2000/- ਰੁਪਏ ਦੀ ਵਿਤੀ ਸਹਾਇਤਾ ਦੇਣ ਦੀ ਤਜਵੀਜ ਹੈ ਅਤੇ ਇਸ ਸਕੀਮ ਅਧੀਨ ਹੁਣ ਉਹ ਭਾਰਤ ਵਿੱਚ ਕਿਸੇ ਵੀ

ਧਾਰਮਿਕ/ਇਤਿਹਾਸਕ ਸਥਾਨਾਂ ਤੋਂ ਇਲਾਵਾ, ਅਪਣੇ home town ਜਾਣ ਲਈ ਵੀ ਐਲ.ਟੀ.ਸੀ ਦੀ ਸੁਵਿਧਾ ਪ੍ਰਾਪਤ ਕਰ ਸਕਣਗੇ। ਵਿਚਾਰ ਵਟਾਂਦਰੇ ਉਪਰੰਤ ਸੋਧੀ ਹੋਈ ਐਲ.ਟੀ.ਸੀ ਸਕੀਮ ਬੋਰਡ ਵਲੋਂ **ਅਨੁਲੱਗ 'ੲ'** ਅਨੁਸਾਰ ਪ੍ਰਵਾਨ ਕੀਤੀ ਗਈ ਜੋਕਿ ਬੋਰਡ ਦੇ ਫੈਸਲੇ ਦੀ ਮਿਤੀ 27.8.2014 ਤੋਂ ਲਾਗੂ ਹੋਵੇਗੀ।

| | |
|---|---|
| 14ਵੀਂ ਮੀਟਿੰਗ<br>**ਅਜੰਡਾ ਆਈਟਮ**<br>ਨੰ:9 | **ਪੰਜੀਕ੍ਰਿਤ ਲਾਭਪਾਤਰੀਆਂ ਲਈ ਸੋਧੀ ਹੋਈ ਐਕਸਗ੍ਰੇਸ਼ੀਆ ਸਕੀਮ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ 'ਐਕਸਗ੍ਰੇਸ਼ੀਆ ਸਕੀਮ' ਅਧੀਨ ਪਹਿਲਾਂ ਲਾਭਪਾਤਰੀ ਦੀ ਮੋਤ ਹੋਣ ਤੇ ਜਾਂ ਪੂਰਣ ਅਪੰਗਤਾ ਵਜੋਂ ਹੀ ਉਸਦੇ ਪਰੀਵਾਰ ਨੂੰ ਜਾਂ ਉਸਨੂੰ 1.00 ਲੱਖ ਰੁਪਏ ਦੀ ਰਾਸ਼ੀ ਐਕਸਗ੍ਰੇਸ਼ੀਆ ਵਜੋਂ ਦੇਣ ਦਾ ਪ੍ਰਾਵਧਾਨ ਸੀ। ਹੁਣ ਇਸ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਇਸ ਸਕੀਮ ਅਧੀਨ accidental death ਹੋਣ ਤੇ 2.00 ਲੱਖ ਰੁਪਏ ਅਤੇ ਆਮ ਹਾਲਤਾਂ ਵਿੱਚ ਮੋਤ ਹੋਣ ਜਾਂ ਪੂਰਣ ਅਪੰਗਤਾ ਦੀ ਸੂਰਤ ਵਿੱਚ 1.50 ਲੱਖ ਰੁਪਏ ਬਤੋਰ ਐਕਸਗ੍ਰੇਸ਼ੀਆ ਦੇਣ ਦੀ ਤਜਵੀਜ ਹੈ ਤਾਂ ਜੋ ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਫਾਇਦਾ ਪਹੁੰਚਾਇਆ ਜਾ ਸਕੇ। ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਸੋਧੀ ਹੋਈ **'ਐਕਸਗ੍ਰੇਸ਼ੀਆ ਸਕੀਮ'** ਬੋਰਡ ਵਲੋਂ **ਅਨੁਲੱਗ 'ਸ'** ਅਨੁਸਾਰ ਪ੍ਰਵਾਨ ਕੀਤੀ ਗਈ ਜੋਕਿ ਬੋਰਡ ਦੇ ਫੈਸਲੇ ਦੀ ਮਿਤੀ 27.8.2014 ਤੋਂ ਲਾਗੂ ਹੋਵੇਗੀ ਭਾਵ ਜੋ ਵੀ ਅਜਿਹੀ ਘਟਨਾ ਮਿਤੀ 27.8.2014 ਨੂੰ ਜਾਂ ਇਸ ਤੋਂ ਬਾਅਦ (on or after) ਹੋਵੇਗੀ, ਇਸ ਸੋਧੀ ਹੋਈ ਸਕੀਮ ਅਧੀਨ ਕਵਰ ਹੋਵੇਗੀ।

| | |
|---|---|
| 14ਵੀਂ ਮੀਟਿੰਗ<br>**ਅਜੰਡਾ ਆਈਟਮ**<br>ਨੰ:10 | **ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਵਿੱਚ ਸੋਧ ਕਰਨ ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਅਧੀਨ ਲਾਭਪਾਤਰੀ ਕਿਰਤੀ ਨੂੰ ਅਪਣੀ ਖੁਦ ਸਕਿਲ ਅਪਗ੍ਰੇਡੇਸ਼ਨ ਵਜੋਂ ਦਿਹਾੜੀ ਟੁੱਟਣ ਦੇ ਇਵਜ ਵਿੱਚ 5000/- ਰੁਪਏ ਪ੍ਰਤਿ ਮਹੀਨਾ ਵਜੀਫਾ ਦੇਣ ਦਾ ਪ੍ਰਾਵਧਾਨ ਹੈ, ਜਦਕਿ ਉਪਭੋਗਤਾ ਸੂਚਕ ਅੰਕਾਂ ਵਿੱਚ ਹੋਏ ਵਾਧੇ ਨੂੰ ਮੁੱਖ ਰੱਖਦੇ ਹੋਏ ਮਿਨਿਮਮ ਵੇਜਿਜ ਐਕਟ ਅਧੀਨ ਹਰ 6 ਮਹੀਨੇ ਮਗਰੋ ($1^{st}$ ਮਾਰਚ ਅਤੇ $1^{st}$ ਸਤੰਬਰ ਤੋਂ) ਕਿਰਤੀਆਂ ਦੀਆਂ ਘੱਟੋਂ-ਘੱਟ ਉਜਰਤ ਦਰਾਂ ਵਿੱਚ ਵਾਧਾ ਹੋ ਜਾਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਇਸ ਸਕੀਮ ਅਧੀਨ ਲਾਭਪਾਤਰੀ ਨੂੰ ਦਿਹਾੜੀ ਟੁੱਟਣ ਦੇ ਇਵਜ ਵਿੱਚ ਕਿਰਤ ਵਿਭਾਗ ਦੁਆਰਾ ਸਮੇਂ ਸਮੇਂ ਸਿਰ ਅਣ-ਸਿਖਿਅਤ ਕਾਮੇ ਲਈ ਨਿਰਧਾਰਿਤ ਘੱਟੋਂ-ਘੱਟ ਉਜਰਤ ਬਤੋਰ ਵਜੀਫਾ ਦੇਣ ਅਤੇ ਸਕੀਮ ਦੀਆਂ ਕੁਝ ਸ਼ਰਤਾਂ ਵਿੱਚ ਸੋਧ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਇਸ ਮੋਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਅਜਿਹਾ ਲਾਭਪਾਤਰੀ ਜਿਹੜੀ ਸ਼੍ਰੇਣੀ ਭਾਵ ਅਨ-ਸਕਿਲਡ, ਸੈਮੀ-ਸਕਿਲਡ ਆਦਿ ਵਿੱਚ ਆਉਂਦਾ ਹੋਵੇ, ਉਸ ਅਨੁਸਾਰ ਕਾਮੇ ਨੂੰ ਨਿਰਧਾਰਿਤ ਘੱਟੋ-ਘੱਟ ਉਜਰਤ ਬਤੋਰ ਵਜੀਫਾ ਦੇਣੀ ਯੋਗ ਹੋਵੇਗੀ। ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ **ਅਨੁਲੱਗ 'ਹ'** ਅਨੁਸਾਰ ਸੋਧੀ ਹੋਈ ਸੰਕਲਿਤ ਸਕੀਮ ਪ੍ਰਵਾਨ ਕੀਤੀ ਗਈ ਜੋਕਿ ਬੋਰਡ ਦੇ ਫੈਸਲੇ ਦੀ ਮਿਤੀ 27.8.2014 ਤੋਂ ਲਾਗੂ ਹੋਵੇਗੀ।

| | |
|---|---|
| **14ਵੀਂ ਮੀਟਿੰਗ ਅਜੰਡਾ ਆਈਟਮ ਨੰ:11** | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਸੋਧੀ ਪੈਨਸ਼ਨ ਸਕੀਮ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਰਜਿਸਟਰਡ ਲਾਭਪਾਤਰੀਆਂ ਨੂੰ ਦਿਤੀ ਜਾਣ ਵਾਲੀ ਪੈਨਸ਼ਨ ਜੋ ਪਹਿਲਾਂ ਘੱਟ ਤੋਂ ਘੱਟ 4000/- ਰੁਪਏ ਅਤੇ ਵੱਧ ਤੋਂ ਵੱਧ 10,000/- ਰੁਪਏ ਸਾਲਾਨਾ ਤੱਕ ਸੀਮਿਤ ਸੀ, ਹੁਣ ਇਹ ਸੀਮਾ ਵਧਾਕੇ ਘੱਟ ਤੋਂ ਘੱਟ 5000/- ਅਤੇ ਵੱਧ ਤੋਂ ਵੱਧ 20,000/- ਰੁਪਏ ਸਾਲਾਨਾ ਹੋ ਜਾਵੇਗੀ। ਮੋਕੇ ਤੇ ਸਲਾਹਕਾਰ ਬੋਰਡ ਵਲੋਂ ਇਸ ਅਜੰਡੇ ਦੀ ਲੜੀ ਨੰ:5 ਵੱਲ ਧਿਆਨ ਦੁਆਉਂਦੇ ਹੋਏ ਇਹ ਸੁਝਾਅ ਦਿਤਾ ਗਿਆ ਕਿ ਜੇਕਰ ਕੋਈ ਪੰਜੀਕ੍ਰਿਤ ਲਾਭਪਾਤਰੀ ਕਿਸੇ ਵਿਸ਼ੇਸ਼ ਅਵਧੀ ਉਪਰੰਤ ਪੁਰਣ ਤੋਰ ਤੇ ਅਪਾਹਜ ਹੋ ਜਾਂਦਾ ਹੈ ਤਾਂ ਉਸਨੂੰ ਉਸ ਸਮੇਂ ਦੀ ਮੈਂਬਰਸ਼ਿਪ ਦੇ ਪੀਰਿਅਡ ਅਨੁਸਾਰ ਬਣਦੀ ਪੈਨਸ਼ਨ ਦੇਣੀ ਯੋਗ ਹੋਵੇਗੀ। ਉਦਾਹਰਣ ਦੇ ਤੋਰ ਤੇ ਜੇਕਰ ਲਾਭਪਾਤਰੀ 13 ਸਾਲ ਦੀ ਮੈਂਬਰਸ਼ਿਪ ਉਪਰੰਤ ਪੁਰਣ ਤੋਰ ਤੇ ਅਪਾਹਜ ਹੋ ਜਾਂਦਾ ਹੈ ਤਾਂ ਉਸਨੂੰ ਘੱਟੋ-ਘੱਟ 13 ਸਾਲ ਦੀ ਮੈਂਬਰਸ਼ਿਪ ਅਨੁਸਾਰ ਬਣਦੀ ਪੈਨਸ਼ਨ ਦੇਣੀ ਯੋਗ ਹੋਵੇਗੀ। ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸੋਧੀ ਹੋਈ ਪੈਨਸ਼ਨ ਸਕੀਮ **ਅਨੁਲੱਗ 'ਕ'** ਅਨੁਸਾਰ ਪ੍ਰਵਾਨ ਕੀਤੀ ਗਈ ਜੋਕਿ ਬੋਰਡ ਦੇ ਫੈਸਲੇ ਦੀ ਮਿਤੀ 27.8.2014 ਤੋਂ ਲਾਗੂ ਹੋਵੇਗੀ।

| | |
|---|---|
| **14ਵੀਂ ਮੀਟਿੰਗ ਅਜੰਡਾ ਆਈਟਮ ਨੰ:12** | **ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਲਈ ਬੋਰਡ ਦੇ ਸੈਸ ਫੰਡ ਵਿਚੋਂ ਫੰਡ ਉਪਲਬਧ ਕਰਾਉਣ ਬਾਰੇ।** |

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਦੀ ਉਸਾਰੀ ਤੇ ਆਉਣ ਵਾਲੀ ਲਗਭਗ 60.00 ਕਰੋੜ ਦੀ ਲਾਗਤ ਨੂੰ ਮੁੱਖ ਰੱਖਦੇ ਹੋਏ 15.00 ਕਰੋੜ ਰੁਪਏ ਦੀ ਰਾਸ਼ੀ ਉਦਯੋਗਿਕ ਸਿਖਲਾਈ ਅਤੇ ਤਕਨੀਕੀ ਸਿਖਿਆ ਵਿਭਾਗ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦੇਣ ਦੀ ਪ੍ਰਵਾਨਗੀ ਦਿਤੀ ਗਈ:-

1. ਲੁਧਿਆਣਾ ਸੈਂਟਰ ਦੀ estimated cost ਲਗਭਗ 60 ਕਰੋੜ ਦਾ 25% ਭਾਵ 15 ਕਰੋੜ ਦੀ ਰਾਸ਼ੀ ਬੋਰਡ ਵਲੋਂ ਮੁਹੱਈਆ ਕਰਵਾਈ ਜਾਵੇ। ਬੋਰਡ ਵਲੋਂ ਦਿਤੀ ਜਾਣ ਵਾਲੀ ਇਹ ਰਾਸ਼ੀ ਬਤੋਰ ਗ੍ਰਾਂਟ ਨਹੀਂ ਹੋਵੇਗੀ ਬਲਕਿ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਵਿੱਚ ਬੋਰਡ ਦੀ ਹਿੱਸੇਦਾਰੀ (co-ownership) ਵਜੋਂ ਦਿਤੀ ਜਾਵੇਗੀ।

2. ਇਹ ਰਾਸ਼ੀ ਸੈਂਟਰ ਦੀ ਸਿਵਿਲ ਕੰਸਟਰਕਸ਼ਨ ਦੀਆਂ ਵੱਖ-ਵੱਖ ਸਟੇਜਾ ਨਾਲ ਲਿੰਕ ਕੀਤੀ ਜਾਵੇ ਜੋ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| (i) | ਪਲਿੰਥ ਲੈਵਲ ਪੂਰਾ ਹੋਣ ਤੇ | 2 ਕਰੋੜ |
| (ii) | ਪਹਿਲੀ ਮੰਜਿਲ ਦੀ ਛੱਤ ਪੈਣ ਤੇ | 3 ਕਰੋੜ |
| (iii) | ਦੂਜੀ ਮੰਜਿਲ ਦੀ ਛੱਤ ਪੈਣ ਤੇ | 5 ਕਰੋੜ |
| (iv) | ਬਿਲਡਿੰਗ ਦੀ ਪੂਰੀ ਤਿਆਰੀ ਉਪਰੰਤ | 5 ਕਰੋੜ |

ਕਿਉਂਕਿ ਬੋਰਡ ਵਲੋਂ ਲੜੀ ਨੰ: 1 ਅਨੁਸਾਰ 25% ਰਾਸ਼ੀ ਦਿਤੀ ਜਾਣੀ ਹੈ, ਇਸ ਲਈ ਲੜੀ ਨੰ: 2 ਮੁਤਾਬਕ ਵੱਖ-ਵੱਖ ਸਟੇਜਾ ਤੇ ਬੋਰਡ ਵਲੋਂ ਰਾਸ਼ੀ ਉਦੋਂ ਹੀ ਦਿਤੀ ਜਾਵੇ ਜਦ ਕਿ ਤਕਨੀਕੀ ਸਿਖਿਆ ਵਿਭਾਗ ਵਲੋਂ ਹਰ ਇਕ ਸਟੇਜ ਤੇ ਅਪਣੇ ਹਿੱਸੇ ਦੀ 75% ਰਾਸ਼ੀ ਖਰਚ ਕਰ ਲਈ ਗਈ ਹੋਵੇ।

3. ਬਿਲਡਿੰਗ ਦੀ ਉਸਾਰੀ ਸਬੰਧੀ ਰਿਪੋਟ ਕਿਸੇ ਸਿਆਣੇ ਆਰਕੀਟੈਕਟ ਪਾਸੋਂ ਲਈ ਜਾਵੇ।
4. ਹਰੇਕ ਰਾਸ਼ੀ ਦੀ ਅਦਾਇਗੀ ਪਹਿਲਾਂ ਦਿਤੀ ਗਈ ਰਾਸ਼ੀ ਦਾ utilization certificate ਪ੍ਰਾਪਤ ਹੋਣ ਤੇ ਅਤੇ ਬੋਰਡ ਵਲੋਂ ਰੱਖੇ ਗਏ ਆਰਕੀਟੈਕਟ ਪਾਸੋਂ ਉਸ utilization certificate ਦੀ ਪੁਸ਼ਟੀ ਹੋਣ ਤੇ ਹੀ ਕੀਤੀ ਜਾਵੇ।
5. ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਦੀ ਟ੍ਰੇਨਿੰਗ ਸਬੰਧੀ ਹਰੇਕ session ਲਈ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਡਿਵੈਲਪਮੈਂਟ ਦਾ ਕੋਟਾ ਨਿਸ਼ਚਿਤ ਕੀਤਾ ਜਾਵੇ ਜੋ ਕਿ ਕੁੱਲ ਟ੍ਰੇਨਿੰਗ capacity ਦਾ ਘੱਟੋ-ਘੱਟ ¼ ਜਰੂਰ ਹੋਣਾ ਚਾਹੀਦਾ ਹੈ।
6. ਜੇਕਰ ਕਿਸੇ session ਵਿਚ ਰਜਿਸਟਰਡ ਉਸਾਰੀ ਕਿਰਤੀਆਂ ਨਾਲ ਸਬੰਧਤ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਲਈ sufficient ਵਿਦਿਆਰਥੀ ਨਹੀਂ ਮਿਲਦੇ ਹਨ, ਤਾਂ ਉਨ੍ਹਾਂ ਦਾ ਕੋਟਾ ਅਗਲੇ ਸਾਲ ਲਈ carry forward ਕੀਤਾ ਜਾਵੇ।
7. ਜੇਕਰ ਰਜਿਸਟਰਡ ਉਸਾਰੀ ਕਿਰਤੀ ਅਤੇ ਉਨ੍ਹਾਂ ਦੇ ਬੱਚਿਆਂ ਵਲੋਂ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਲਈ ਕੋਈ ਟ੍ਰੇਨਿੰਗ ਲਈ ਜਾਂਦੀ ਹੈ ਤਾਂ ਅਜਿਹੇ ਕੇਸਾਂ ਵਿਚ ਉਨ੍ਹਾਂ ਨੂੰ ਬੋਰਡ ਵਲੋਂ ਉਸ ਵੇਲੇ ਦੀ ਸਕਿਲ ਡਿਵੈਲਪਮੈਂਟ ਸਕੀਮ ਅਧੀਨ ਜੋ ਵੀ ਲਾਭ ਹੋਣ ਉਹ ਮੁਹੱਈਆ ਕਰਵਾਏ ਜਾਣਗੇ।
8. ਜੋ institution ਦੇ administrative expenses ਹੋਣ ਉਸਦਾ 25% ਖਰਚਾ ਬੋਰਡ ਵਲੋਂ ਦਿਤਾ ਜਾਵੇਗਾ।

9. ਸਿਵਲ ਰਿਟ ਪਟੀਸ਼ਨ ਨੰ: 318 ਆਫ 2006 ਵਿਚ ਕੰਟੈਪਟ ਪਟੀਸ਼ਨ ਨੰ: 41-44 ਆਫ 2011 ਦਾ ਨਿਪਟਾਰਾ ਕਰਦੇ ਹੋਏ ਮਾਨਯੋਗ ਸੁਪਰੀਮ ਕੋਰਟ ਵਲੋਂ ਅਪਣੇ ਹੁਕਮ ਮਿਤੀ 7.2.2012 ਵਿਚ ਇਹ ਨਿਰਦੇਸ਼ ਦਿਤੇ ਗਏ ਹਨ ਕਿ:-

**"Funds available with the welfare Boards shall not be utilized by the State for any other head of expenditure of the State Government."**

ਮਾਨਯੋਗ ਸੁਪਰੀਮ ਕੋਰਟ ਵਲੋਂ ਦਿਤੇ ਉਪਰੋਕਤ ਨਿਰਦੇਸ਼ਾ ਨੂੰ ਮੁੱਖ ਰੁਖਦੇ ਹੋਏ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹ ਸਾਰਾ ਖਰਚਾ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਅਧੀਨ ਹੀ ਕੀਤਾ ਜਾਵੇਗਾ ਅਤੇ ਸਰਕਾਰ ਦੇ ਕਿਸੇ ਹੋਰ **'ਹੈਡ ਆਫ ਐਕਸਪੈਂਡੀਚਰ'** ਲਈ ਇਸ ਦੀ ਵਰਤੋਂ ਨਹੀਂ ਕੀਤੀ ਜਾਵੇਗੀ ਤਾਂ ਜੋ ਮਾਨਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਨਾ ਯਕੀਨੀ ਬਣਾਈ ਜਾ ਸਕੇ।

10. ਉਪਰੋਕਤ ਸ਼ਰਤਾਂ ਅਨੁਸਾਰ ਰਾਸ਼ੀ ਰਿਲੀਜ਼ ਕਰਨ ਤੋਂ ਪਹਿਲਾਂ ਬੋਰਡ ਵਲੋਂ ਸਬੰਧਤ ਵਿਭਾਗ ਨਾਲ ਬਕਾਇਦਾ ਇਕ ਐਮ.ਓ.ਯੂ ਹਸਤਾਖਰ ਕੀਤਾ ਜਾਵੇ, ਜਿਸ ਵਿੱਚ ਬੋਰਡ ਨੂੰ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਦੀ 1/4th ਹਿੱਸੇਦਾਰੀ ਦੀ ਮਾਨਤਾ ਦਿੰਦੇ ਹੋਏ, ਇਸ ਵਿੱਚ ਬੋਰਡ ਨੂੰ Co-owner ਮੰਨਣ ਲਈ ਸਪਸ਼ਟ ਜਿਕਰ ਕੀਤਾ ਜਾਵੇ। ਇਹ ਐਮ.ਓ.ਯੂ ਹਸਤਾਖਰ ਕਰਨ ਲਈ ਸਕੱਤਰ ਬੋਰਡ ਸਮਰਥ ਅਧਿਕਾਰੀ ਹੋਣਗੇ।

**14ਵੀਂ ਮੀਟਿੰਗ ਅਜੰਡਾ ਆਈਟਮ ਨੰ:13** — **ਬੋਰਡ ਦੇ ਪ੍ਰਬੰਧਕੀ ਖਰਚਿਆਂ ਨੂੰ ਕਰਨ ਦੇ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਨ ਬਾਰੇ ਅਤੇ ਫੀਲਡ ਦਫਤਰਾਂ ਵਿੱਚ ਬੋਰਡ ਦੇ ਬੈਂਕ ਖਾਤੇ ਖੋਲ੍ਹਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਹਿਬਾਨ ਵਲੋਂ ਮਹਿਸੂਸ ਕੀਤਾ ਗਿਆ ਕਿ ਜੇਕਰ ਖੇਤਰੀ ਦਫਤਰਾਂ ਦੇ ਪ੍ਰਬੰਧਕੀ ਖਰਚਿਆਂ ਲਈ ਖੇਤਰੀ ਅਧਿਕਾਰੀਆਂ ਨੂੰ ਅਧਿਕਾਰਿਤ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਅਪਣੇ ਅਪਣੇ ਸਰਕਲ ਲਈ ਵਖਰੇ ਬੈਂਕ ਅਕਾਉਂਟ ਖੋਲਕੇ, ਬੋਰਡ ਦੀ ਅਲਗ ਕੈਸ਼-ਬੁਕ ਲਗਾਕੇ ਸਾਰਾ ਹਿਸਾਬ-ਕਿਤਾਬ ਰੱਖਣਾ ਪਵੇਗਾ ਅਤੇ ਉਹ ਹੋਰ ਵਾਧੂ ਸਟਾਫ ਦੀ ਵੀ ਮੰਗ ਕਰ ਸਕਦੇ ਹਨ। ਇਸ ਨਾਲ ਹੋਰ ਵਾਧੂ ਖਰਚਾ ਵੱਧਣ ਤੋਂ ਇਲਾਵਾ ਆਡਿਟ ਵਿੱਚ ਵੀ ਦਿੱਕਤਾਂ ਆਉਣਗੀਆਂ। ਵਿਚਾਰ-ਵਟਾਂਦਰੇ ਉਪਰੰਤ ਖੇਤਰੀ ਅਧਿਕਾਰੀਆਂ ਨੂੰ ਇਸ ਸਬੰਧੀ ਅਧਿਕਾਰਾਂ ਦਾ ਵਿਕੇਂਦਰੀਕਰਣ ਕਰਨ ਬਾਰੇ ਬੋਰਡ ਵਲੋਂ ਸਹਿਮਤੀ ਪ੍ਰਗਟ ਨਹੀਂ ਕੀਤੀ ਗਈ ਅਤੇ ਕਿਹਾ ਗਿਆ ਕਿ ਇਸ ਸਬੰਧੀ ਪਹਿਲੀ ਪ੍ਰਥਾ ਨੂੰ ਹੀ ਚਾਲੂ ਰੱਖਿਆ ਜਾਵੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** — **ਬੋਰਡ ਵਲੋ ਵੱਖ-ਵੱਖ ਬੈਂਕਾ ਵਿਚ ਮਿਤੀ 31.7.2014 ਤੱਕ ਜਮਾਂ ਕਰਵਾਏ ਗਏ ਫੰਡਜ਼ ਦੀ ਪੁਜੀਸ਼ਨ।**

ਮੈਂਬਰ ਸਕੱਤਰ ਵਲੋਂ ਬੋਰਡ ਦੁਆਰਾ ਪ੍ਰਾਪਤ ਕੀਤੇ ਗਏ ਸੈਸ ਦੀ ਸਰਪਲਸ ਰਕਮ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਨੈਸ਼ਨਲਾਇਜ਼ਡ ਬੈਂਕਾਂ ਵਿੱਚ ਫਿਕਸਡ ਡਿਪੋਜਿਟ ਦੀ ਸ਼ਕਲ ਵਿੱਚ ਰੱਖਣ ਬਾਰੇ ਬੋਰਡ ਨੂੰ ਵਿਸਤ੍ਰਿਤ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਬੋਰਡ ਦੇ ਦਫਤਰ ਵਲੋਂ ਨੈਸ਼ਨਲਾਇਜ਼ਡ ਬੈਂਕਾਂ ਤੋਂ ਵਿਆਜ ਦੇ ਰੇਟ ਮੰਗਕੇ ਸਭ ਤੋਂ ਵੱਧ ਰੇਟ ਵਾਲੇ ਬੈਂਕਾਂ ਵਿੱਚ ਰਕਮਾਂ ਜਮਾਂ ਕਰਵਾਈਆਂ ਜਾਂਦੀਆਂ ਹਨ ਅਤੇ ਮਿਤੀ 26.8.2014 ਤੱਕ ਕੁੱਲ ਰੁਪਏ 489.00 ਕਰੋੜ ਦੀ ਰਕਮ ਨਿਵੇਸ਼ ਕੀਤੀ ਹੋਈ ਹੈ। ਮੈਂਬਰ ਸਾਹਿਬਾਨ ਵਲੋਂ ਬੋਰਡ ਦੀ ਇਸ ਕਾਰਗੁਜਾਰੀ ਪ੍ਰਤੀ ਸ਼ਲਾਘਾ ਦਾ ਪ੍ਰਗਟਾਵਾ ਕੀਤਾ ਗਿਆ। ਮੋਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਕਿਸੇ ਸਟੇਜ ਤੇ ਸਮੇਂ ਤੋਂ ਪਹਿਲਾਂ ਐਫ.ਡੀ. ਤੁੜਵਾਉਣ ਦੀ ਸੂਰਤ ਵਿੱਚ ਬੈਂਕ ਵਲੋਂ ਬੋਰਡ ਨੂੰ ਕੋਈ ਪੈਨਲਟੀ ਨਹੀ ਲਗਾਈ ਜਾਵੇਗੀ ਅਤੇ ਇਸ ਬਾਰੇ ਸਬੰਧਤ ਬੈਂਕ ਤੋਂ ਪਹਿਲਾਂ ਹੀ ਲਿਖਤੀ ਰੂਪ ਵਿੱਚ ਲਿਆ ਜਾਵੇ, ਜਿਸ ਬਾਰੇ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਸਪਲੀਮੈਂਟਰੀ ਅਜੰਡਾ**
**ਆਈਟਮ ਨੰ: 2**

**ਬੋਰਡ ਵਲੋਂ ਆਮਦਨ ਕਰ ਐਪੀਲੇਟ ਟਰੀਬਿਊਨਲ ਚੰਡੀਗੜ੍ਹ ਪਾਸ ਦਾਇਰ ਕੀਤੇ ਗਏ ਆਮਦਨ ਕਰ ਕੇਸ ਦੀ ਤਾਜਾ ਸਥਿਤੀ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੁਆਰਾ ਆਮਦਨ ਕਰ ਟ੍ਰਿਬਿਊਨਲ ਚੰਡੀਗੜ੍ਹ ਪਾਸ ਦਾਇਰ ਕੀਤੇ ਕੇਸ ਦੀ ਤਾਜਾ ਸਥਿਤੀ ਬਾਰੇ ਜਾਣੂੰ ਕਰਵਾਉਂਦੇ ਹੋਏ ਦੱਸਿਆ ਗਿਆ ਕਿ ਇਸ ਕੇਸ ਵਿੱਚ ਮਾਨਯੋਗ ਐਪੀਲੇਟ ਟ੍ਰੀਬਿਊਨਲ ਵਲੋਂ ਅਪਣੇ ਫੈਸਲੇ ਮਿਤੀ 30.6.2014 ਰਾਹੀਂ ਕੇਸ ਦਾਇਰ ਕਰਨ ਵਿੱਚ ਹੋਈ 1244 ਦਿਨ ਦੀ delay ਕੰਡੋਨ ਕਰ ਦਿਤੀ ਗਈ ਹੈ ਅਤੇ ਬੋਰਡ ਨੂੰ ਟਰਸਟ ਡਿਕਲੇਅਰ ਕਰਨ ਸਬੰਧੀ ਕੇਸ ਆਮਦਨ ਕਰ ਕਮਿਸ਼ਨਰ ਨੂੰ ਰਿਮਾਂਡ ਕਰ ਦਿਤਾ ਹੈ। ਬੋਰਡ ਵਲੋਂ ਮਿਤੀ 11.7.2014 ਨੂੰ ਸ੍ਰੀ ਰਾਜੀਵ ਦਿਵਾਨ, ਸੀ.ਏ ਰਾਹੀਂ ਆਮਦਨ ਕਰ ਕਮਿਸ਼ਨਰ ਚੰਡੀਗੜ੍ਹ ਨੂੰ ਬੇਨਤੀ ਕੀਤੀ ਗਈ ਹੈ ਕਿ ਕੇਸ ਦੀ ਸੁਣਵਾਈ ਲਈ ਬੋਰਡ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੋਕਾ ਦਿਤਾ ਜਾਵੇ। ਬੋਰਡ ਵਲੋਂ ਕੇਸ ਦੀ ਸਥਿਤੀ ਬਾਰੇ ਸੰਤੁਸ਼ਟੀ ਜਾਹਿਰ ਕੀਤੀ ਗਈ ਅਤੇ ਕੇਸ ਵਿੱਚ ਹੋਈ ਪ੍ਰਗਤੀ ਬਾਰੇ ਅਗਲੀ ਮੀਟਿੰਗ ਵਿੱਚ ਬੋਰਡ ਨੂੰ ਜਾਣੂੰ ਕਰਵਾਉਣ ਲਈ ਕਿਹਾ ਗਿਆ।

**ਸਪਲੀਮੈਂਟਰੀ ਅਜੰਡਾ**
**ਆਈਟਮ ਨੰ: 3**

**ਬੋਰਡ ਅਤੇ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਚੰਡੀਗੜ੍ਹ ਵਿਚਕਾਰ ਠੇਕੇ ਤੇ ਅਧਿਕਾਰੀ/ਕਰਮਚਾਰੀ ਮੁਹਈਆ ਕਰਾਉਣ ਲਈ ਕੀਤੇ ਐਮ.ਓ.ਯੂ ਦੀ ਮਿਆਦ ਵਧਾਉਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ ਚੰਡੀਗੜ੍ਹ (ਪੈਸਕੋ) ਨਾਲ ਪਹਿਲਾਂ ਹੋਏ ਐਗਰੀਮੈਂਟ ਦੀਆਂ ਟਰਮਜ ਐਂਡ ਕੰਡੀਸ਼ਨਜ਼ ਮੁਤਾਬਿਕ ਬੋਰਡ ਨੂੰ ਠੇਕੇ ਤੇ ਅਧਿਕਾਰੀ/ਕਰਮਚਾਰੀ ਮੁਹਈਆ ਕਰਾਉਣ ਸਬੰਧੀ ਐਮ.ਓ.ਯੂ ਦੀ ਅਵਧੀ ਮਿਤੀ 1.10.2014 ਤੋਂ ਅੱਗੇ ਤਿੰਨ ਸਾਲ ਲਈ ਵਧਾਉਣ ਦੀ ਪ੍ਰਵਾਨਗੀ ਦਿਤੀ ਗਈ।

**ਸਪਲੀਮੈਂਟਰੀ ਅਜੰਡਾ**
**ਆਈਟਮ ਨੰ: 4**

**ਬੋਰਡ ਵੱਲੋਂ ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡ ਕਮ ਨਾਈਟ ਸ਼ੈਲਟਰ ਦੀ ਉਸਾਰੀ ਕਰਨ ਸਬੰਧੀ ਯੋਗ ਏਜੰਸੀ ਦੀ ਚੋਣ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਕਰਨ ਲਈ 4 ਸਰਕਾਰੀ ਏਜੰਸੀਆਂ -ਸਥਾਨਕ ਸਰਕਾਰ ਵਿਭਾਗ ਪੰਜਾਬ; ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ; ਪੰਜਾਬ ਸਮਾਲ ਇੰਡਸਟ੍ਰੀਅਲ ਐਕਸਪੋਰਟ ਕਾਰਪੋਰੇਸ਼ਨ ਅਤੇ ਮਾਰਕਫੈਡ ਨਾਲ ਗੱਲ-ਬਾਤ ਕੀਤੀ ਗਈ ਹੈ। ਇਨ੍ਹਾਂ ਵਿੱਚੋ 3 ਸਰਕਾਰੀ ਏਜੰਸੀਆਂ 5% ਸੁਪਰਵਿਜ਼ਨ ਚਾਰਜਿਜ ਲੈਕੇ ਕੰਮ ਕਰਨ ਲਈ ਤਿਆਰ ਸਨ ਜਦਕਿ ਸਥਾਨਕ ਸਰਕਾਰ ਵਿਭਾਗ ਕੰਟ੍ਰੈਕਟ ਰੇਟ ਤੇ ਬਿਨਾਂ ਕਿਸੇ ਸੁਪਰਵਿਜ਼ਨ ਚਾਰਜਿਜ ਦੇ ਕੰਮ ਕਰਨ ਲਈ ਤਿਆਰ ਹੈ। ਇਸ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਨੂੰ ਪੁੱਛਣ ਤੇ ਉਨ੍ਹਾਂ ਵਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਜੇਕਰ ਕੰਟ੍ਰੈਕਟਰ ਰੇਟ, ਸੀ.ਐਸ.ਆਰ ਤੋਂ ਘੱਟ ਹੋਵੇ ਤਾਂ difference ਦੀ ਵਾਧੂ ਰਾਸ਼ੀ ਉਹ ਬੋਰਡ ਨੂੰ ਵਾਪਸ ਕਰ ਦੇਣਗੇ। ਇਸ ਸਬੰਧੀ ਵਿਚਾਰ ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਲੇਬਰ ਸ਼ੈਡ-ਕਮ ਨਾਈਟ ਸ਼ੈਲਟਰ ਲਈ ਸੁਟੇਬਲ ਪਾਈਆਂ ਗਈਆਂ ਸਾਰੀਆਂ ਸਾਈਟਾਂ ਵਿਚੋਂ 50% ਕੰਮ ਸਥਾਨਕ ਸਰਕਾਰ ਵਿਭਾਗ ਨੂੰ ਦੇ ਦਿਤਾ ਜਾਵੇ ਅਤੇ ਇਨ੍ਹਾਂ ਵਲੋਂ ਉਸਾਰੇ ਗਏ 2-3 ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਦੀ ਕੁਆਲਿਟੀ ਜੇਕਰ ਤਸਲੀਬਖਸ਼ ਹੋਵੇ ਤਾਂ ਬਾਕੀ ਦੀਆਂ ਸੁਟੇਬਲ ਸਾਈਟਾਂ ਦੀ ਉਸਾਰੀ ਦਾ ਕੰਮ ਵੀ ਸਥਾਨਕ ਸਰਕਾਰ ਵਿਭਾਗ ਨੂੰ ਦੇਣਾ ਉਚਿਤ ਹੋਵੇਗਾ। ਮੋਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਇਹ ਵੀ ਕਿਹਾ ਗਿਆ ਕਿ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਮੇਂਟੀਨੈਂਸ ਦਾ ਕੰਮ ਸਥਾਨਕ ਸਰਕਾਰ ਵਿਭਾਗ ਵਲੋਂ ਹੀ ਕੀਤਾ ਜਾਵੇ ਅਤੇ ਇਸ ਮੰਤਵ ਲਈ ਰੈਕਰਿੰਗ ਖਰਚਿਆਂ ਜਿਵੇਂ ਕਿ ਬਿਜਲੀ-ਪਾਣੀ ਦੇ ਬਿਲ, ਚੌਕੀਦਾਰ ਦੀ ਤਨਖਾਹ ਅਤੇ ਸਫਾਈ ਦੇ ਖਰਚੇ ਦੀ ਭਰਪਾਈ ਉਨ੍ਹਾਂ ਵਲੋਂ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਬਾਹਰੀ ਦੀਵਾਰਾਂ ਉਤੇ ਕੰਪਨੀਆਂ ਦੇ ਇਸਤਿਹਾਰ ਲਗਵਾਕੇ ਉਨ੍ਹਾਂ ਤੋਂ ਹੋਣ ਵਾਲੀ ਆਮਦਨ ਵਿਚੋਂ ਕੀਤੀ ਜਾ ਸਕਦੀ ਹੈ। ਲੇਬਰ ਸ਼ੈਡ ਦੇ ਕਿਸੇ ਕੋਨੇ ਵਿੱਚ ਢੁੱਕਵੀਂ ਥਾਂ ਤੇ ਚਾਹ ਦੀ ਛੋਟੀ ਕੰਟੀਨ ਦਾ ਉਪਬੰਧ ਵੀ ਕੀਤਾ ਜਾ ਸਕਦਾ ਹੈ ਜੋਕਿ ਸਥਾਨਕ ਸਰਕਾਰ ਵਿਭਾਗ ਵਲੋਂ ਠੇਕੇ ਤੇ ਦੇਕੇ ਅਜਿਹਾ ਖਰਚਾ ਪੂਰਾ ਕੀਤਾ ਜਾ ਸਕਦਾ ਹੈ। ਬੋਰਡ ਵਲੋਂ ਸਰਵ-ਸੰਮਤੀ ਨਾਲ ਇਸ ਬਾਰੇ ਸਹਿਮਤੀ ਪ੍ਰਗਟ ਕੀਤੀ।

**; gbhwlNoh n!i ivk nkJhNw BL 5** — **p'ov t b'l T|;koh feoshnK bJh nkBbkJhB feos ekB|B bkr| eoB ; plXh GbkJh ; ehw .**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਉਸਾਰੀ ਕਿਰਤੀਆਂ ਲਈ ਕਿਰਤ ਕਾਨੂੰਨ ਲਾਗੂ ਕਰਨ ਵਾਸਤੇ ਆਨ-ਲਾਈਨ ਸਾਫਟਵੇਅਰ ਤਿਆਰ ਕਰਨ ਲਈ ਅਨੁਲੱਗ 'A' ਵਿੱਚ ਦਰਜ ਟਰਮਜ ਐਂਡ ਕੰਡੀਸ਼ਨਜ਼ ਅਤੇ ਵਿਧੀ ਅਨੁਸਾਰ ਏਜੰਸੀ ਹਾਇਰ ਕਰਨ ਦੀ ਤਜਵੀਜ ਹੈ। ਇਸ ਮੰਤਵ ਲਈ ਸਕੋਪ ਆਫ ਵਰਕ ਨਿਰਧਾਰਿਤ ਕਰਕੇ ਮਾਨਯੋਗ ਚੇਅਰਮੈਨ ਬੋਰਡ ਤੋਂ ਪ੍ਰਵਾਨ ਕਰਵਾਉਣ ਉਪਰੰਤ ਟੈਂਡਰ ਸਕੱਤਰ ਬੋਰਡ ਵਲੋਂ ਦਿਤਾ ਜਾਵੇਗਾ ਅਤੇ ਪ੍ਰਾਪਤ ਟੈਂਡਰਾਂ ਨੂੰ ਖੋਲਣ ਅਤੇ ਇਕ ਏਜੰਸੀ ਨੂੰ ਸਲੈਕਟ ਕਰਨ ਦੀ ਸਫਾਰਿਸ਼ ਕਰਨ ਲਈ ਸਕੱਤਰ ਬੋਰਡ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਨੂੰ ਅਧਿਕਾਰਤ ਕਰਨ ਅਤੇ ਕਮੇਟੀ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਕਰਨ ਦੀ ਤਜਵੀਜ ਹੈ:-

| | |
|---|---|
| ਸਕੱਤਰ ਬੋਰਡ | ਚੇਅਰਮੈਨ |
| ਵਧੀਕ ਡਾਇਰੈਕਟਰ ਆਫ ਫੈਕਟਰੀਜ਼ | ਮੈਂਬਰ |
| ਡਿਪਟੀ ਸਕੱਤਰ- ਬੋਰਡ | ਮੈਂਬਰ ਸਕੱਤਰ |
| ਡਿਪਟੀ ਕੰਟਰੋਲਰ ਵਿੱਤ ਤੇ ਲੇਖਾ | ਮੈਂਬਰ |
| ਪੰਜਾਬ ਇੰਨਫੋਟੈਕ ਦਾ ਨੁਮਾਇੰਦਾ | ਮੈਂਬਰ |

ਏਜੰਸੀ ਦੀ ਫਾਈਨਲ ਸਲੈਕਸ਼ਨ ਮਾਨਯੋਗ ਚੇਅਰਮੈਨ ਬੋਰਡ ਦੀ ਪ੍ਰਵਾਨਗੀ ਉਪਰੰਤ ਕੀਤੀ ਜਾਵੇਗੀ।

ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਪ੍ਰਾਜੈਕਟ ਨੂੰ ਬੋਰਡ ਦੀ ਵੈਲਫੇਅਰ ਸਕੀਮ ਤਸੱਵਰ ਕਰਦੇ ਹੋਏ ਸਾਰਾ ਖਰਚਾ ਵੈਲਫੇਅਰ ਹੈਡ ਵਿਚੋਂ ਕਰਨਾ ਯੋਗ ਹੋਵੇਗਾ। ਬੋਰਡ ਵਲੋਂ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਤਜਵੀਜ ਅਨੁਸਾਰ ਕਾਰਵਾਈ ਕਰਨ ਲਈ ਸਰਵ-ਸੰਮਤੀ ਨਾਲ ਪ੍ਰਵਾਨਗੀ ਦਿਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 6** — **ਬੋਰਡ ਦੇ ਕੰਮ ਵਾਸਤੇ ਵੱਖ-ਵੱਖ ਖੇਤਰੀ ਦਫਤਰਾਂ ਵਿੱਚ ਡੈਡੀਕੇਟਡ ਵਰਕਰ ਰੱਖਣ ਬਾਰੇ।**

ਮੈਂਬਰ ਸਕੱਤਰ ਨੇ ਦੱਸਿਆ ਕਿ ਮਾਨਯੋਗ ਕਿਰਤ ਮੰਤਰੀ ਜੀ ਵੱਲੋਂ ਮਿਤੀ 26.8.2014 ਨੂੰ ਇਕ ਨੋਟ ਪ੍ਰਾਪਤ ਹੋਇਆ ਹੈ ਜਿਸ ਵਿੱਚ ਆਦੇਸ਼ ਦਿੱਤੇ ਗਏ ਹਨ ਕਿ ਪੰਜਾਬ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੇ ਦਫਤਰਾਂ ਵਾਸਤੇ 1-1 ਫੀਲਡ ਸਹਾਇਕ ਅਤੇ 1-1 ਰੀਕਾਰਡ ਕੀਪਰ ਰੱਖ ਲਿਆ ਜਾਵੇ।

ਮੈਂਬਰ ਸਕੱਤਰ ਵਲੋਂ ਅੱਗੇ ਦੱਸਿਆ ਗਿਆ ਕਿ ਬੋਰਡ ਦੇ ਪਿਛਲੇ ਫੈਸਲੇ ਅਨੁਸਾਰ ਬੋਰਡ ਵੱਲੋਂ ਰਾਜ ਦੇ ਵੱਖ-ਵੱਖ ਸਰਕਲਾਂ ਲਈ 12 ਫੀਲਡ ਸਹਾਇਕਾਂ ਦੀਆਂ ਅਸਾਮੀਆਂ ਭਰੀਆਂ ਗਈਆਂ ਹਨ। ਇੰਨ੍ਹਾਂ ਅਸਾਮੀਆਂ ਤੇ ਲੱਗੇ ਕਰਮਚਾਰੀਆਂ ਦੇ ਟੀਚੇ ਮਿਥੇ ਗਏ ਸਨ ਕਿ ਇੰਨ੍ਹਾਂ ਵੱਲੋਂ ਹਰ ਮਹੀਨੇ ਬੋਰਡ ਦੇ ਲਾਭਪਾਰਤੀਆਂ ਨੂੰ ਵੈਲਫੇਅਰ ਸਕੀਮਾਂ ਦੇ ਲਾਭ ਦੇਣ ਲਈ ਘੱਟੋ-ਘੱਟ 1000 (ਇਕ ਹਜਾਰ) ਅਰਜੀਆਂ ਭਰੀਆ ਜਾਣ। ਪਿਛਲੇ ਤਿੰਨ ਮਹੀਨੇ ਦੌਰਾਨ ਇੰਨ੍ਹਾਂ ਫੀਲਡ ਸਹਾਇਕਾਂ ਵੱਲੋਂ ਜੋ ਕੰਮ ਕੀਤੇ ਗਏ ਹਨ ਉਸ ਦੇ ਵੇਰਵੇ ਤਿਆਰ ਕੀਤੇ ਗਏ ਹਨ, ਜਿੰਨ੍ਹਾਂ ਨੂੰ ਵਾਚਣ ਤੋਂ ਸਪੱਸ਼ਟ ਹੁੰਦਾ ਹੈ ਕਿ ਇੰਨ੍ਹਾਂ ਵਿਚੋਂ ਕਿਸੇ ਵੀ ਫੀਲਡ ਸਹਾਇਕਾਂ ਵੱਲੋਂ ਮਿਥੇ ਟੀਚੇ ਅਨੁਸਾਰ ਕੰਮ ਨਹੀਂ ਕੀਤਾ ਗਿਆ ਅਤੇ ਸਾਰਿਆਂ ਦੀ ਪਰਫਾਰਮੈਂਸ ਮਾੜੀ (poor) ਕਹੀ ਜਾ ਸਕਦੀ ਹੈ ਅਤੇ 4 ਫੀਲਡ ਸਹਾਇਕਾਂ ਦੀ ਪਰਫਾਰਮੈਂਸ ਬਹੁਤ ਮਾੜੀ (Very Poor) ਹੈ। ਇੰਨ੍ਹਾਂ ਫੀਲਡ ਸਹਾਇਕਾਂ ਨੂੰ ਤਨਖਾਹ 15,000/- ਰੁਪਏ ਉਕੀ-ਪੁੱਕੀ ਦਿੱਤੀ ਜਾ ਰਹੀ ਹੈ ਜਦੋਂ ਕਿ ਪੰਜਾਬ ਵਿੱਚ ਕੰਮ ਕਰ ਰਹੇ ਹੋਰ ਕੰਪਿਊਟਰ ਓਪਰੇਟਰ, ਜਿੰਨ੍ਹਾਂ ਦੀ ਤਨਖਾਹ 9700/- ਰੁਪਏ ਪ੍ਰਤੀ ਮਹੀਨਾ ਹੈ, ਤੋਂ ਕਿਤੇ ਜ਼ਿਆਦਾ ਹੈ। ਇੰਨ੍ਹਾਂ ਫੀਲਡ ਸਹਾਇਕਾਂ ਦੀ ਪੋਸਟ ਭਰਨ ਨਾਲ ਇੰਨ੍ਹਾਂ ਨੂੰ ਰੱਖਣ ਦਾ ਮੰਤਵ ਪੂਰਾ ਨਹੀਂ ਹੋ ਰਿਹਾ। ਮੌਕੇ ਤੇ ਮਾਨਯੋਗ

ਚੇਅਰਮੈਨ ਜੀ ਵਲੋਂ ਕਿਹਾ ਗਿਆ ਕਿ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਵਿਭਾਗ ਦੇ ਖੇਤਰੀ ਅਧਿਕਾਰੀਆਂ ਜਿਨ੍ਹਾਂ ਨਾਲ ਬੋਰਡ ਦੇ ਫੀਲਡ ਸਹਾਇਕਾਂ ਨੂੰ ਲਗਾਇਆ ਗਿਆ ਹੈ, ਵਲੋਂ ਇਨ੍ਹਾਂ ਕਰਮਚਾਰੀਆਂ ਨੂੰ ਬੋਰਡ ਦੀਆਂ ਸਕੀਮਾਂ ਅਤੇ ਉਨ੍ਹਾਂ ਦੀਆਂ ਡਿਉਟੀਆਂ ਬਾਰੇ ਕੋਈ ਜਾਣਕਾਰੀ ਨਹੀਂ ਦਿਤੀ ਗਈ ਅਤੇ ਉਨ੍ਹਾਂ ਨੂੰ ਸਬੰਧਤ ਅਧਿਕਾਰੀਆਂ ਵਲੋਂ ਭਲਾਈ ਸਕੀਮਾਂ ਦੇ ਫਾਰਮ ਭਰਨ ਸਬੰਧੀ ਵੀ ਕੋਈ ਦਿਸ਼ਾ-ਨਿਰਦੇਸ਼ ਨਹੀਂ ਦਿਤੇ ਗਏ। ਮਾਨਯੋਗ ਮੰਤਰੀ ਜੀ ਦਾ ਇਹ ਵੀ ਕਹਿਣਾ ਸੀ ਕਿ ਵਿਭਾਗ ਦੇ ਅਧਿਕਾਰੀ ਕਿਰਤ ਵਿਭਾਗ ਨਾਲ ਸਬੰਧਤ ਦੂਜੇ ਕੰਮਾਂ ਵੱਲ ਹੀ ਤਵੱਜੋਂ ਦਿੰਦੇ ਹਨ ਅਤੇ ਬੋਰਡ ਦੇ ਕਰਮਚਾਰੀਆਂ ਨੂੰ ਬੋਰਡ ਦਾ.ਕੰਮ ਕਰਨ ਲਈ ਪੂਰਾ ਸਮਾਂ ਨਹੀਂ ਦਿੰਦੇ। ਮਾਨਯੋਗ ਮੰਤਰੀ ਜੀ ਵਲੋਂ ਇਹ ਵੀ ਸਪਸ਼ਟ ਕੀਤਾ ਗਿਆ ਕਿ ਵਿਭਾਗ ਦੇ ਅਧਿਕਾਰੀਆਂ ਦੀ ਅਣਗਹਿਲੀ ਲਈ ਇਨ੍ਹਾਂ ਫੀਲਡ ਸਹਾਇਕਾਂ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ ਅਤੇ ਇਸ ਕਾਰਨ ਉਨ੍ਹਾਂ ਦੀ ਘੱਟ performance ਦੇ ਅਧਾਰ ਤੇ ਉਨ੍ਹਾਂ ਨੂੰ ਦੋਸ਼ੀ ਮੰਨਕੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾਂ ਕੀਤੀ ਜਾਵੇ।

ਇਸ ਅਜੰਡਾ ਆਈਟਮ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1) ਬੋਰਡ ਵਲੋਂ ਪਹਿਲਾਂ ਰੱਖੇ ਗਏ ਫੀਲਡ ਸਹਾਇਕਾਂ ਦੀ ਪਿਛਲੇ ਸਮੇਂ ਦੋਰਾਨ ਕੰਮ ਦੀ ਪ੍ਰੋਫਾਰਮੈਂਸ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਬੋਰਡ ਦੇ ਕੰਮ ਕਾਜ ਦੀ ਮੁਕੰਮਲ ਜਾਣਕਾਰੀ ਦਿਤੀ ਜਾਵੇ ਅਤੇ ਉਨ੍ਹਾਂ ਤੋਂ ਪੁਰਾ ਕੰਮ ਲਿਆ ਜਾਵੇ ਅਤੇ ਦੋ ਮਹੀਨੇ ਲਈ ਹੋਰ ਪ੍ਰੋਫਾਰਮੈਂਸ ਤੇ ਨਿਗਰਾਨੀ ਕੀਤੀ ਜਾਵੇ।

2) ਜਿਨ੍ਹਾਂ ਸਰਕਲਾਂ ਵਿੱਚ ਘੱਟੋ ਘੱਟ 6000 ਜਾਂ ਇਸ ਤੋਂ ਵੱਧ ਉਸਾਰੀ ਕਿਰਤੀ ਬਤੌਰ ਲਾਭਪਾਤਰੀ ਰਜਿਸਟਰਡ ਹੋ ਚੁਕੇ ਹਨ, ਉਨ੍ਹਾਂ ਵਿੱਚ ਇੰਡੀਪੈਂਨਡੈਂਟ ਫੀਲਡ ਸਹਾਇਕ ਨਿਯੁਕਤ ਕੀਤਾ ਜਾਵੇ ਅਤੇ ਇਸ ਤਰਾਂ ਲੋੜ ਅਨੁਸਾਰ ਫੀਲਡ ਸਹਾਇਕਾਂ ਦੀ ਨਿਯੁਕਤੀ ਕਰਨ ਲਈ ਸਕੱਤਰ ਬੋਰਡ ਸਮਰਥ ਹੋਣਗੇ।

3) ਇਸ ਅਸਾਮੀ ਤੇ ਨਿਯੁਕਤੀ ਲਈ ਉਮੀਦਵਾਰ ਦੀ ਵਿਦਿਅਕ ਯੋਗਤਾ ਗ੍ਰੈਜੂਏਟ + ਕੰਪਿਊਟਰ ਦਾ ਤਜਰਬਾ ਤੋਂ ਇਲਾਵਾ ਉਸ ਪਾਸ ਆਪਣੀ ਵਹੀਕਲ ਅਤੇ ਡਰਾਈਵਿੰਗ ਲਾਈਸੈਂਸ ਵੀ ਹੋਣਾ ਚਾਹੀਦਾ ਹੈ।

4) ਸਾਰੇ ਫੀਲਡ ਸਹਾਇਕਾਂ ਨੂੰ ਬੋਰਡ ਵਲੋਂ ਪਹਿਲਾਂ ਲਏ ਫੈਸਲੇ ਅਨੁਸਾਰ 15000/- ਪ੍ਰਤੀ ਮਹੀਨਾ ਉਕਾ-ਪੁਕਾ ਤਨਖਾਹ ਅਤੇ ਫੀਲਡ ਵਿੱਚ ਆਉਣ-ਜਾਉਣ ਵਾਲੀ ਅਪਣੀ ਮੋਟਰਸਾਈਕਲ/ਸਕੂਟਰ ਲਈ 1,000/- ਰੁਪਏ ਫਿਕਸਡ ਟਰੈਵਲਿੰਗ ਅਲਾਉਂਸ ਦਿਤਾ ਜਾਵੇਗਾ।

5) ਸਾਰੇ ਫੀਲਡ ਸਹਾਇਕਾਂ ਦਾ ਟੀਚਾ ਵੈਲਫੇਅਰ ਸਕੀਮਾਂ ਦਾ ਲਾਭ ਦੇਣ ਲਈ 1000 ਅਰਜੀਆਂ ਪ੍ਰਤੀ ਮਹੀਨਾ ਭਰਵਾਉਣਾ ਹੋਵੇਗਾ, ਜਿਸ ਵਿਚੋਂ 50% ਭਾਵ 500 ਅਰਜੀਆਂ ਸਕਿਲ ਡਿਵੈਲਪਮੈਂਟ ਦੀਆਂ ਅਤੇ 500 ਅਰਜੀਆਂ ਬਾਕੀ ਸਕੀਮਾਂ ਨਾਲ ਸਬੰਧਤ ਹੋਣਗੀਆਂ। ਇਹ ਟੀਚਾ ਲੋੜ ਅਨੁਸਾਰ ਸਮੇਂ ਸਮੇਂ ਤੇ ਸਕੱਤਰ ਬੋਰਡ ਵਲੋਂ ਰਿਵਿਊ ਕੀਤਾ ਜਾਂਦਾ ਰਹੇਗਾ।

6) ਸਾਰੇ ਫੀਲਡ ਸਹਾਇਕਾਂ ਨੂੰ 1,000/- ਰੁਪਏ ਫਿਕਸਡ ਟਰੈਵਲਿੰਗ ਅਲਾਉਂਸ ਉਦੋਂ ਹੀ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਪਾਸ ਅਪਣਾ ਮੋਟਰਸਾਈਕਲ/ਸਕੂਟਰ ਹੋਵੇ ਅਤੇ ਇਸ ਦੇ ਨਾਲ-ਨਾਲ ਹੀ ਘੱਟੋਂ-ਘੱਟ 80 ਪ੍ਰਤੀਸ਼ਤ ਟੀਚਾ ਪੂਰਾ ਕੀਤਾ ਗਿਆ ਹੋਵੇ।

ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।